**..ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 24-9-14 ਨੂੰ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਗੱਠਿਤ ਬੋਰਡ ਦੀ ਮੀਟਿੰਗ ਦੀ ਕਾਰਵਾਈ ।**

ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਗੱਠਿਤ ਬੋਰਡ ਦੀ ਮੀਟਿੰਗ ਮਿਤੀ 24-9-2014 ਨੂੰ ਸਵੇਰੇ 9.30 ਵੱਜੇ ਮਾਨਯੋਗ ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹੇਠ ਲਿਖੇ ਵੱਖ-2 ਵਿਭਾਗਾਂ ਦੇ ਉੱਚ ਅਧਿਕਾਰੀਆਂ ਵੱਲੋਂ ਭਾਗ ਲਿਆ ਗਿਆ:-

1 ਸ੍ਰੀ ਕੇ.ਡੀ.ਭੰਡਾਰੀ, ਮੁੱਖ ਪਾਰਲੀਮੈਂਟ ਸਕੱਤਰ, ਸਹਿਕਾਰਤਾ ਵਿਭਾਗ, ਪੰਜਾਬ, ਚੰਡੀਗੜ੍ਹ ।

2 ਸ੍ਰੀ ਐਸ.ਕੇ. ਸੰਧੂ, ਆਈ.ਏ.ਐਸ, ਵਿੱਤੀ ਕਮਿਸ਼ਨਰ ਸਹਿਕਾਰਤਾ, ਪੰਜਾਬ ਸਰਕਾਰ।

3 ਸ੍ਰੀ ਅਸ਼ੋਕ ਕੁਮਾਰ ਗੁਪਤਾ,ਆਈ.ਏ.ਐਸ, ਸਕੱਤਰ ਸਥਾਨਕ ਸਰਕਾਰ ਵਿਭਾਗ, ਪੰਜਾਬ ।

4. ਸ੍ਰੀ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਚੇਅਰਮੈਨ, ਲੇਬਰਫੈੱਡ,ਪੰਜਾਬ।

5. ਸ੍ਰੀ ਅਰੁਣਜੀਤ ਸਿੰਘ ਮਿਗਲਾਨੀ, ਆਈ.ਏ, ਐਸ, ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ,

6. ਸ੍ਰੀਮਤੀ ਕਮਲ ਪ੍ਰੀਤ ਬਰਾੜ,ਆਈ.ਏ.ਐਸ,ਸਪੈਸ਼ਲ ਸਕੱਤਰ ਸਹਿਕਾਰਤਾ ਪੰਜਾਬ ਸਰਕਾਰ।

7. ਸ੍ਰੀ ਐਸ.ਕੇ. ਬਾਤਿਸ਼, ਵਧੀਕ ਰਜਿਸਟਰਾਰ(ਜਨਰਲ), ਸਹਿਕਾਰੀ ਸਭਾਵਾਂ, ਪੰਜਾਬ।

8. ਸ੍ਰੀ ਕੇ.ਕੇ. ਸ਼ਰਮਾ, ਡਾਇਰੈਕਟਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ

9. ਸ੍ਰੀ ਅਮਰਜੀਤ ਸਿੰਘ ਦੁੱਲਟ, ਮੁੱਖ ਇੰਜੀਨੀਅਰ ਕੈਨਾਲ

10. ਸ੍ਰੀ ਗੁਰਦੇਵ ਸਿੰਘ, ਮੁੱਖ ਇੰਜੀਨੀਅਰ, ਜਲ ਨਿਕਾਸ

11. ਸ੍ਰੀ ਜੀ.ਕੇ. ਗੁਪਤਾ, ਨਿਗਰਾਨ ਇੰਜੀਨੀਅਰ, ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ।

12. ਸ੍ਰੀ ਪਰਵਿੰਦਰ ਸਿੰਘ, ਵਾਈਸ ਚੇਅਰਮੈਨ, ਲੇਬਰਫੈੱਡ ਪੰਜਾਬ, ਚੰਡੀਗੜ੍ਹ ।

13. ਸ੍ਰੀ ਅਜੈ ਕਨਵਰ, ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ।

14. ਸ੍ਰੀ ਅਮਿਤ ਬਜਾਜ਼, ਚੇਅਰਮੈਨ, ਸਹਿਕਾਰੀ ਕਿਰਤ ਉਸਾਰੀ ਯੂਨੀਅਨ, ਜਲੰਧਰ।

15. ਸ੍ਰੀ ਇੰਦਰਜੀਤ ਸਿੰਘ, ਚੇਅਰਮੈਨ, ਸਹਿਕਾਰੀ ਕਿਰਤ ਉਸਾਰੀ ਯੂਨੀਅਨ, ਗੁਰਦਾਸਪੁਰ।

16 ਸ੍ਰੀ ਬਲਵਿੰਦਰ ਸਿਘ, ਡਾਇਰੈਕਟਰ, ਲੇਬਰਫੈੱਡ, ਪੰਜਾਬ, ਚੰਡੀਗੜ੍ਹ ।

ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ,ਵੱਲੋਂ ਜਾਣਕਾਰੀ ਦਿੱਤੀ ਗਈ ਕਿ ਸਹਿਕਾਰੀ ਕਿਰਤ ਉਸਾਰੀ ਸਭਾਵਾਂ ਨੂੰ ਸਰਕਾਰ ਵੱਲੋਂ ਸਾਲ 1957 ਤੋਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਜਿਨ੍ਹਾਂ ਵਿੱਚ ਹਰ 5 ਸਾਲ ਬਾਅਦ ਵਾਧਾ ਕਰਨ ਲਈ ਵਿਚਾਰ ਕੀਤਾ ਜਾਂਦਾ ਹੈ। ਇਸੇ ਹੀ ਲਗਾਤਾਰਤਾ ਵਿੱਚ ਇਹ ਮੀਟਿੰਗ ਰੱਖੀ ਗਈ ਹੈ। ਮੀਟਿੰਗ ਵਿੱਚ ਏਜੰਡਾ ਆਈਟਮਵਾਈਜ਼ ਵਿਚਾਰ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਕੀਤੇ ਗਏ:-

ਏਜੰਡਾ ਨੰ:1 <u>ਪੱਕੇ ਕੰਮਾਂ ਦੀ ਲਿਮਟ 30.00 ਲੱਖ ਰੁਪਏ ਤੋ ਵਧਾ ਕੇ 50.00 ਲੱਖ ਰੁਪਏ ਕਰਨ ਸਬੰਧੀ</u> :

ਇਸ ਮੁੱਦੇ ਤੇ ਵਿਚਾਰ ਕਰਨ ਉਪਰੰਤ ਫੈਸਲਾ ਹੋਇਆ ਕਿ ਸੀ.ਐਸ.ਆਰ.ਰੇਟਾਂ ਵਿੱਚ ਪਿਛਲੇ ਸਾਲਾਂ ਦੌਰਾਨ ਹੋਏ ਵਾਧੇ ਨੂੰ ਮੁੱਖ ਰੱਖਦੇ ਹੋਏ 40.00 ਲੱਖ ਰੁਪਏ ਤੱਕ ਦੇ ਪੱਕੇ ਕੰਮ (skilled work) ਇਨ੍ਹਾਂ ਸਭਾਵਾਂ ਲਈ ਰਾਂਖਵੇਂ ਹੋਣਗੇ। ਇਸ ਤੋ ਇਲਾਵਾ ਕੱਚੇ ਕੰਮ (unskilled work) ਚਾਹੇ ਕਿਸੇ ਕੀਮਤ ਦੇ ਵੀ ਹੋਣ ਪਹਿਲਾਂ ਵਾਂਗ ਹੀ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਲਈ ਰਾਂਖਵੇਂ ਹੋਣਗੇ।

ਏਜੰਡਾ ਨੰ:2 <u>ਬਿਆਨਾ ਰਕਮ (**Earnest Money**) ਤੋ ਛੋਟ ਦੇਣ ਸਬੰਧੀ ।</u>

ਇਸ ਮੁੱਦੇ ਤੇ ਵਿਚਾਰ ਕਰਨ ਉਪਰੰਤ ਫੈਸਲਾ ਹੋਇਆ ਕਿ:

- 6.50 ਲੱਖ ਰੁਪਏ ਤੱਕ ਦੇ ਪੱਕੇ ਕੰਮਾਂ ਲਈ ਸਹਿਕਾਰੀ ਕਿਰਤ ਉਸਾਰੀ ਸਭਾਵਾਂ ਨੂੰ ਬਿਆਨਾ ਰਕਮ ਤੋ ਪੂਰੀ ਛੋਟ ਦਿੱਤੀ ਜਾਂਦੀ ਹੈ।
- ਜੋ ਪੱਕੇ ਕੰਮ 6.50 ਲੱਖ ਰੁਪਏ ਤੋ ਵੱਧ ਅਤੇ 13.00 ਲੱਖ ਰੁਪਏ ਤੱਕ ਕੀਮਤ ਦੇ ਹੋਣਗੇ, ਉਨ੍ਹਾਂ ਕੰਮਾਂ ਲਈ ਸਹਿਕਾਰੀ ਕਿਰਤ ਉਸਾਰੀ ਸਭਾਵਾਂ ਤੋ ਵਿਭਾਗ ਵੱਲੋ ਤਹਿ ਬਿਆਨਾ ਰਕਮ ਦੀ 25% ਰਕਮ ਲਈ ਜਾਵੇਗੀ ।
- ਜੋ ਪੱਕੇ ਕੰਮ ਮੁਬ:13.00 ਲੱਖ ਰੁਪਏ ਤੋ ਵੱਧ ਰਕਮ ਦੇ ਹੋਣਗੇ, ਉਨ੍ਹਾਂ ਕੰਮਾਂ ਲਈ ਸਹਿਕਾਰੀ ਕਿਰਤ ਉਸਾਰੀ ਸਭਾਵਾਂ ਤੋਂ ਵਿਭਾਗ ਵੱਲੋ ਤਹਿ ਬਿਆਨਾ ਰਕਮ ਦੀ 50% ਰਕਮ ਲਈ ਜਾਵੇਗੀ।

ਏਜੰਡਾ ਨੰ:3 <u>ਕੰਮ ਦੇਣ ਵਾਲੇ ਵਿਭਾਗਾਂ ਦੇ ਨਾਂ ਨੋਟੀਫਿਕੇਸ਼ਨ ਵਿੱਚ ਦਰਜ ਕਰਨ ਸਬੰਧੀ</u> ।

ਵਿਚਾਰ-ਵਟਾਂਦਰਾ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਪਹਿਲਾਂ ਪ੍ਰਵਾਨ ਹੋਏ ਮਹਿਕਮਿਆਂ ਤੋ ਇਲਾਵਾ ਪੰਜਾਬ ਮੰਡੀ ਬੋਰਡ ਅਤੇ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਵਿਭਾਗ ਵੀ ਕਿਰਤ ਤੇ ਉਸਾਰੀ ਸਹਿਕਾਰੀ ਸਭਾਵਾਂ ਨੂੰ ਕੰਮ ਪਹਿਲ ਦੇ ਅਧਾਰ ਤੇ ਦੇਣਗੇ।

ਏਜੰਡਾ ਨੰ:4 **ਟੈਂਡਰ ਕੁਟੇਸ਼ਨ ਦੀ ਸੂਚਨਾਂ ਸਹਿਕਾਰੀ ਕਿਰਤ ਉਸਾਰੀ ਯੂਨੀਅਨ ਅਤੇ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਭੇਜਣ ਸਬੰਧੀ ।**

ਵਿਚਾਰ ਕਰਨ ਉਪਰੰਤ ਫੈਸਲਾ ਲਿਆ ਜਾਂਦਾ ਹੈ ਕਿ ਸਮੂਹ ਕੰਮ ਦੇਣ ਵਾਲੇ ਵਿਭਾਗਾਂ ਵੱਲੋਂ ਹਰ ਟੈਂਡਰ ਕੁਟੇਸ਼ਨ ਦੀ ਸੂਚਨਾਂ ਲੇਬਰਫੈੱਡ, ਪੰਜਾਬ, ਜਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਅਤੇ ਸਬੰਧਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਭੇਜਣੀ ਜਰੂਰੀ ਹੋਵੇਗੀ ਅਤੇ ਇਸ ਨੂੰ ਯਕੀਨੀ ਬਣਾਇਆ ਜਾਵੇ।

ਏਜੰਡਾ ਨੰ:5 **ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਦੀ ਪੇਮੈਂਟਾਂ ਸਬੰਧੀ ।**

ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਸਬੰਧਤ ਵਿਭਾਗਾਂ ਵੱਲੋਂ ਕਿਰਤ ਤੇ ਉਸਾਰੀ ਸਹਿਕਾਰੀ ਸਭਾਵਾਂ ਦੀਆਂ ਅਦਾਇਗੀਆਂ ਕੇਂਦਰੀ ਸਹਿਕਾਰੀ ਬੈਂਕਾਂ ਰਾਹੀਂ ਹੀ ਕੀਤੀਆਂ ਜਾਣਗੀਆਂ।

ਏਜੰਡਾ ਨੰ :6 **ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਨੂੰ ਇਨਲਿਸਟਮੈਂਟ ਤੋਂ ਛੋਟ ਦੇਣ ਸਬੰਧੀ ।**

ਇਸ ਮੁੱਦੇ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਜਾਂਦਾ ਹੈ ਕਿ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਪਹਿਲਾਂ ਵਾਂਗ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿੱਚ ਹੀ ਇਨਲਿਸਟਮੈਂਟ ਕਰਵਾਉਣਗੀਆਂ ਪ੍ਰੰਤੂ ਸਭਾਵਾਂ ਲਈ ਸਿੰਚਾਈ ਵਿਭਾਗ ਦੀ ਗਰੇਡੇਸ਼ਨ ਸਬੰਧੀ ਕੋਈ ਸ਼ਰਤ ਨਹੀਂ ਹੋਵੇਗੀ।

ਏਜੰਡਾ ਨੰ:7 **ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਨੂੰ ਈ.ਪੀ.ਐਫ ਤੋ ਛੋਟ ਦੇਣ ਸਬੰਧੀ ।**

ਇਸ ਮੱਦ ਤੇ ਵਿਚਾਰ ਕਰਨ ਉਪਰੰਤ ਫੈਸਲਾ ਹੋਇਆ ਕਿ ਸਬੰਧਤ ਵਿਭਾਗ ਕਿਰਤ ਤੇ ਉਸਾਰੀ ਸਹਿਕਾਰੀ ਸਭਾਵਾਂ ਕੋਲੋ ਈ.ਪੀ.ਐਫ ਨੰ (EPF number) ਦੀ ਮੰਗ ਉਨ੍ਹਾਂ ਕੇਸਾਂ ਵਿੱਚ ਹੀ ਕਰਨਗੇ ਜਿਥੇ ਅਜਿਹਾ ਕਰਨਾ ਈ.ਪੀ.ਐਫ ਐਕਟ ਅਨੁਸਾਰ ਜਰੂਰੀ ਹੋਵੇ।

ਉਕਤ ਤੋ ਇਲਾਵਾ ਸਹਿਕਾਰੀ ਤੇ ਕਿਰਤ ਉਸਾਰੀ ਸਭਾਵਾਂ ਨੂੰ ਈ.ਟੈਂਡਰਿੰਗ ਤੇ ਪ੍ਰੋਸੈਸਿੰਗ ਫੀਸ ਜੋ ਕਿ ਕੁਝ ਵਿਭਾਗਾਂ ਵੱਲੋ ਲਗਾਈ ਜਾ ਰਹੀ ਹੈ, ਤੋ ਛੋਟ ਦੇਣ ਸਬੰਧੀ ਮਾਮਲਾ ਸ੍ਰੀ ਗੁਰਪ੍ਰਤਾਪ ਸਿੰਘ ਟਿਵਾਣਾ (?) ...ਹਾਲਪੁਰ, ਚੇਅਰਮੈਨ, ਲੇਬਰਫੈਡ ਪੰਜਾਬ ਵੱਲੋ ਉਠਾਇਆ ਗਿਆ। ਇਸ ਸਬੰਧੀ ਹਦਾਇਤ ਕੀਤੀ ਗਈ ਕਿ ਪ੍ਰੋਸੈਸਿੰਗ ਫੀਸ ਫਿਕਸ/ਘੱਟ ਕਰਨ ਸਬੰਧੀ ਵਿੱਤ ਕਮਿਸ਼ਨਰ ਸਹਿਕਾਰਤਾ INFOTEC PUNJAB ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਵੱਖਰੇ ਤੌਰ ਤੇ ਫੈਸਲਾ ਲੈਣਗੇ।

ਮੀਟਿੰਗ ਮਾਨਯੋਗ ਮੁੱਖ ਮੰਤਰੀ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।